Surrey Schools
LEADERSHIP IN LEARNING

Tel: 604.596.7733
www.surreyschools.ca

# ਰਲੀਆਂ ਜੁਲੀਆਂ ਕਲਾਸਾਂ: ਇਕੱਠਿਆਂ ਸਿੱਖਣਾ

## Combined-grade classes: Learning together

ਰਲੀ ਜੁਲੀ ਕਲਾਸ ਓਹ ਹੁੰਦੀ ਹੈ ਜਿਸ ਵਿੱਚ ਦੋ ਅਗੜੀ ਪਿਛੜੀ ਕਲਾਸਾਂ ਦੇ ਵਿਦਿਆਰਥੀ ਹੁੰਦੇ ਹਨ । ਇਸ ਤਰਾਂ ਦੀਆਂ ਕਲਾਸਾ ਇਥੇ ਵੀ ਅਤੇ ਅੰਤਰ ਰਾਸ਼ਟਰੀ ਲੈਵਲ ਓਪਰ ਵੀ ਮਿਲਦੀਆਂ ਹਨ ਅਤੇ ਕਿਹਾ ਜਾਂਦਾ ਹੈ ਕਿ ਹਰ 5 ਕਨੇਡੀਅਨ ਵਿਦਿਆਰਥੀਆਂ ਚੋਂ ਇੱਕ ਵਿਦਿਆਰਥੀ ਇਸ ਤਰਾਂ ਦੀ ਕਲਾਸ ਵਿੱਚ ਦਾਖਿਲ ਹੈ। ਸਰ੍ਹੀ ਸਕੂਲਾਂ ਦੇ ਵਿਦਿਆਰਥੀ ਆਪਣੇ ਪਰਾਇਮਰੀ ਸਕੂਲ ਦੀ ਸਿੱਖਿਆ ਦੌਰਾਨ ਕਮ ਸੇ ਕਮ ਇੱਕ ਵਾਰੀ ਇਸ ਤਰਾਂ ਦੀ ਕਲਾਸ ਵਿੱਚੋਂ ਜ਼ਰੂਰ ਲੰਘਦੇ ਹਨ ।

ਕਲਾਸਾਂ ਸਗੰਠਨ ਕਰਨੀਆਂ, ਜਿਹਨਾਂ ਨਾਲ ਸਾਰੇ ਬੱਚਿਆਂ ਦੀਆਂ ਲੌੜਾਂ ਪੂਰੀਆਂ ਹੋਣ, ਇਕੱ ਕਾਫੀ ਗੁੰਝਲਦਾਰ ਪ੍ਰਕ੍ਰਿਆ ਹੈ । ਲੇਕਿਨ ਸਕੂਲ ਡਿਸਟਰਿਕਟ ਇਸ ਗੱਲ ਦੀ ਬਚਨਬੰਧ ਹੈ ਕਿ ਕਲਾਸਾਂ ਵਿੱਚ ਬੱਚਿਆਂ ਦੀ ਸਿੱਖਿਆ ਲਈ ਬਰਾਬਰਤਾ ਅਤੇ ਬੱਚੇ ਦੀਆਂ ਲੌੜਾਂ ਨੂੰ ਮੁੱਖ ਰੱਖਿਆ ਜਾਵੇ ਜਿਥੇ ਹੋਰ ਵੀ ਕਈ ਤਰਾਂ ਦੇ ਪ੍ਰਭਾਵਾਂ ਨੂੰ ਵੀ ਨਜ਼ਰ ਅਦਾਜ਼ ਰੱਖਿਆ ਜਾਂਦਾ ਹੈ ।

ਖੌਜ ਨੇ ਇਹਨਾਂ ਕਲਾਸਾ ਬਾਰੇ ਇਹ ਦਰਸਾਇਆ ਹੈ:

- ਇਹਨਾਂ ਕਲਾਸਾਂ ਵਿੱਚ ਬੱਚੇ ਇੱਕ ਦੂਜੇ ਤੋਂ ਸਿੱਖਦੇ ਹਨ
- ਵੱਡੇ ਬੱਚੇ ਛੋਟੀ ਓਮਰ ਵਾਲੇ ਬੱਚਿਆਂ ਲਈ ਆਦਰਸ਼ ਬਣਦੇ ਹਨ
- ਵੱਡੇ ਬੱਚਿਆਂ ਨੂੰ ਪਤਾ ਲੱਗਦਾ ਹੈ ਓਹਨਾਂ ਕੀ ਸਿੱਖ ਲਿਆ ਹੈ
- ਕਈ ਤਰਾਂ ਦੇ ਨਵੀਂ ਸਿੱਖਿਆ ਲਈ ਮੌਕੇ ਮਿਲਦੇ ਹਨ
- ਇਕੱਠਿਆਂ ਹੋ ਕਿ ਬੱਚਿਆਂ ਨੂੰ ਸਿੱਖਣ ਲਈ ਮੌਕਾ ਮਿਲਦਾ ਹੈ
- ਸਮਾਜਿਕ ਜ਼ਿਮੇਵਾਰੀ ਨੂੰ ਹੋਰ ਪ੍ਰਫੁਲਤਾ ਮਿਲਦੀ ਹੈ
- ਬੱਚਿਆਂ ਨੂੰ ਸਵੈ ਨਿਰਭਰ ਹੋਣ ਲਈ ਮਦਦ ਮਿਲਦੀ ਹੈ
- ਸਕੂਲ ਸਬੰਧੀ ਵਧੀਆ ਵਤੀਰਾ ਬਣਨ ਲਈ ਮਦਦ ਮਿਲਦੀ ਹੈ

ਇਹਨਾਂ ਕਲਾਸਾਂ ਵਿੱਚ ਬੱਚੇ ਛੋਟੀ ਕਲਾਸ ਦਾ ਨਾਂ ਕੰਮ ਕਰਦੇ ਹਨ ਅਤੇ ਨਾਂ ਹੀ ਓਹਨਾਂ ਦੀ ਹੁਨਰਤਾ ਤੌਂ ਜ਼ਿਆਦਾ ਕੰਮ ਕਰਨ ਲਈ ਆਸ ਰੱਖੀ ਜਾਂਦੀ ਹੈ । ਅਧਿਆਪਕ ਬੱਚਿਆਂ ਦੀਆਂ ਲੋੜਾ ਅਤੇ ਸਿੱਖਿਆਂ ਲੈਣ ਦੀਆਂ ਹੁਨਰਤਾਵਾਂ ਤੋਂ ਜਾਣੂ ਹੁੰਦੇ ਹਨ ਅਤੇ ਲੋੜ ਮੁਤਾਬਿਕ ਆਪਣਾ ਪਰੋਗਰਾਮ ਤਿਆਰ ਕਰਦੇ ਹਨ। ਬੱਚੇ ਲਗਾਤਾਰ ਸਿੱਖਦੇ ਹਨ, ਹਰ ਕਲਾਸ ਵਿੱਚ ਵੱਖ ਵੱਖ ਹੁਨਰਤਾ ਵਾਲੇ ਬੱਚੇ ਹੁੰਦੇ ਹਨ । ਕਈ ਵਾਰ ਇੱਕ ਸਧਾਰਣ ਕਲਾਸ ਵਿੱਚ ਬੱਚਿਆਂ ਵਿੱਚ 5 ਸਾਲ ਤੱਕ ਦਾ ਪੜ੍ਹਨ ਅਤੇ ਸਮਝਣ ਦਾ ਅੰਤਰ ਹੁੰਦਾ ਹੈ, ਇਸ ਪਖੌਂ ਰਲਵੀਂ ਮਿਲਵੀਂ ਕਲਾਸ ਭਿੰਨ ਨਹੀਂ ਹੁੰਦੀ । ਇਹਨਾਂ ਕਲਾਸਾਂ ਵਿੱਚ ਵੀ ਹਰ ਬੱਚੇ ਨੂੰ ਆਪਣੀ ਵਿਦਿਆਂ ਨੂੰ ਵਧੀਆ ਸਟੇਜ ਤੱਕ ਲਿਜਾਣ ਲਈ ਹਰ ਮੌਕਾ ਦਿੱਤਾ ਜਾਂਦਾ ਹੈ ।

ਖੋਜ ਨੇ ਇਹ ਵੀ ਸਿੱਧ ਕੀਤਾ ਹੈ ਕਿ ਕਾਮਯਾਬ ਵਿਦਿਆ ਬੱਚਿਆਂ ਦੀ ਕਲਾਸ ਦੇ ਸਗੰਠਨ ਓਪਰ ਨਹੀਂ ਸਗੋਂ ਪੜ੍ਹਾਓਣ ਦੇ ਤਰੀਕਿਆਂ ਓਪਰ ਜ਼ਿਆਦਾ ਨਿਰਭਰ ਹੈ । ਹੋਰ ਜਾਣਕਾਰੀ ਲਈ ਤੁਸੀ ਸਾਡੀ ਡਿਸਟਰਿਕਟ ਦੇ ਖੋਜ ਵਿਭਾਗ ਕੋਲੋਂ ਹੋਰ ਜਾਣਕਾਰੀ ਲੈ ਸਕਦੇ ਹੋ ਅਤੇ ਸਕੂਲ ਡਿਸਟਰਿਕਟ ਦੀ ਵੈਬ ਸਾਈਟ ਓਪਰ ਜਾ ਕੇ ਇਸ ਸਬੰਧੀ ਲੇਖ ਪੜ੍ਹ ਸਕਦੇ ਹੋਂ ।